**ਦਫ਼ਤਰ ਡਾਇਰੈਕਟਰ, ਜਨਰਲ ਸਕੂਲ ਸਿੱਖਿਆ, ਪੰਜਾਬ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਈ.ਬਲਾਕ, ਫੇਜ਼-8, ਐਸ.ਏ.ਐਸ.ਨਗਰ।**

**(ਵਜ਼ੀਫ਼ਾ ਸ਼ਾਖਾ)**

ਵੱਲ

ਪੰਜਾਬ ਰਾਜ ਦੇ ਸਮੂਹ
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿੱ)

ਈ ਫਾਈਲ ਨੰ 581274
ਮਿਤੀ ਐੱਸ ਏ ਐੱਸ ਨਗਰ 26-9-2023

ਵਿਸ਼ਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐੱਸ ਸੀ ਸਕੀਮ ਸਾਲ 2023 24 ਲਈ ਸਕਾਲਾਰਸ਼ਿਪ ਜਾਗਰੂਕਤਾ ਹਫਤਾ (ਮਿਤੀ 22 9 2023 ਤੋਂ 29 9 2023 ਤੱਕ) ਮਨਾਉਣ ਸਬੰਧੀ।

ਉਪਰਕੋਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਪੋਸਟ ਮੈਟ੍ਰਿਕ ਸਕਲਾਰਸ਼ਿਪ ਫਾਰ ਐੱਸ ਸੀ ਸਾਲ 2023 24 ਲਈ ਵੱਧ ਤੋਂ ਵੱਧ ਯੋਗ ਵਿੱਦਿਆਰਥੀਆਂ ਨੂੰ ਡਾ ਅੰਬੇਦਕਰ ਪੋਰਟਲ ਉੱਤੇ ਅਪਲਾਈ ਕਰਵਾਉਣ ਹਿੱਤ ਮਿਤੀ 22 9 2023 ਤੋਂ 29 9 2023 ਤੱਕ ਸਕਾਲਰਸ਼ਿਪ ਜਾਗਰੂਕਤਾ ਹਫਤਾ ਮਨਾਇਆ ਜਾਣਾ ਹੈ।

ਇਸ ਸਬੰਧੀ ਆਪ ਨੂੰ ਪੱਤਰ ਲਿਖਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਆਉਂਦੇ ਸਕੂਲਾਂ ਨੂੰ ਇਹ ਜਗਰੂਕਤਾ ਕੈਂਪ ਆਯੋਜਿਤ ਕਰਨ ਲਈ ਪਾਬੰਦ ਕੀਤਾ ਜਾਵੇ।

**(ਕੰਨਸੋਲੀਡੇਟਡ ਰਿਪੋਰਟ ਵਿੱਚ ਸਕੂਲ ਪੱਧਰ ਤੇ ਜਾਗਰੂਕਤਾ ਕੈਂਪ ਦੀਆਂ ਗਤੀਵਿਧੀਆਂ ਜਿਵੇਂ ਕਿ ਕੈਂਪ ਵਿੱਚ ਭਾਗ ਲੈ ਰਹੇ ਵਿੱਦਿਆਰਥੀਆਂ ਦੀ ਗਿਣਤੀ, ਕੈਂਪ ਸਬੰਧੀ ਤਸਵੀਰਾਂ ਆਦਿ (ਸਮੇਤ ਸਕੂਲ ਦਾ ਨਾਮ ਅਤੇ ਕੈਂਪਸ਼ਨ) ਜਰੂਰੀ ਤੌਰ ਤੇ ਸ਼ਾਮਿਲ ਕੀਤਾ ਜਾਵੇ।**

**ਸਕਲਾਰਸ਼ਿਪ ਜਾਗਰੂਕਤਾ ਕੈਂਪ ਦੇ ਆਯੋਜਨ ਲਈ ਆਪਣੇ ਜ਼ਿਲ੍ਹੇ ਦੇ ਸਕੂਲ ਮੁੱਖੀਆਂ ਨੂੰ ਹੇਠ ਲਿਖਿਆਂ ਹਦਾਇਤਾਂ ਨੂੰ ਵਿਸ਼ੇਸ਼ ਤੌਰ ਤੇ ਪਾਲਣਾ ਕਰਵਾਉਣ ਹਿੱਤ ਪਾਬੰਦ ਕੀਤਾ ਜਾਵੇ।**

ੳ. ਜ਼ਿਲ੍ਹੇ ਵਿੱਚਲੇ ਹਰ ਸਕੂਲ ਵਿੱਚ ਫੈਸੀਲੀਟੇਸ਼ਨ ਸੈਂਟਰ ਰਾਹੀਂ ਮਿਤੀ 22-9-2023 ਤੋਂ 29-9-2023 (ਜਾਗਰੂਕ ਹਫਤਾ) ਮਨਾਇਆ ਜਾਵੇ।

ਅ. ਇਸ ਦੌਰਾਨ ਐੱਸ.ਸੀ. ਵਿੱਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਲਾਰਸ਼ਿਪ ਫਾਰ ਐੱਸ.ਸੀ. ਸਕੀਮ 2023-24 ਲਈ ਅਪਲਾਈ ਕਰਨ ਲਈ ਪ੍ਰੇਰਿਤ ਕੀਤਾ ਜਾਵੇ। (ਸਕੀਮ ਦੀ ਵਿਸਤ੍ਰਿਤ ਜਾਣਕਾਰੀ ਡਾ. ਅੰਬੇਦਕਰ ਪੋਰਟਲ ਉੱਤੇ ਪੀ.ਡੀ.ਐੱਫ ਵਿੱਚ ਉਪਲਬਧ ਹੈ)

ੲ. ਵਿਸ਼ੇਸ਼ ਤੌਰ ਤੇ 11ਵੀਂ ਜਮਾਤ ਵਿੱਚ ਦਾਖਿਲ ਵਿੱਦਿਆਰਥੀਆਂ ਨੂੰ ਇਸ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਅਪਲਾਈ ਕਰਨ ਲਈ ਵੱਧ ਤੋਂ ਵੱਧ ਪ੍ਰੇਰਿਤ ਕੀਤਾ ਜਾਵੇ।

ਸ.ਸਕੂਲ ਪੱਧਰ ਤੇ ਵਿਸ਼ੇਸ਼ ਲੈਕਚਰ ਆਦਿ ਰਾਹੀਂ ਵੱਧ ਤੋਂ ਵੱਧ ਯੋਗ ਵਿੱਦਿਆਰਥੀਆਂ ਨੂੰ ਇਸ ਸਕੀਮ ਅਧੀਨ ਅਪਲਾਈ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ।

26.09.2023
ਸਹਾਇਕ ਡਾਇਰੈਕਟਰ (ਵਜ਼ੀਫ਼ਾ)

Scanned with OKEN Scanner

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ: ਸਿ), ਬਠਿੰਡਾ।

ਪਿੱਠ ਅੰਕਣ ਨੰ: ਸ-5/1()/2023/1228 ਮਿਤੀ: 27-09-2023

ਉਪਰੋਕਤ ਦਾ ਉਤਾਰਾ ਸਮੂਹ ਸਰਕਾਰੀ/ਏਡਿਡ/ਪ੍ਰਾਈਵੇਟ ਸਕੂਲਾਂ ਦੇ ਪ੍ਰਿੰਸੀਪਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਵਿੱਚ ਦਰਜ ਵਿਭਾਗ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਕੈਂਪ ਲਗਾਉਣ ਬਾਰੇ ਨਿਰਦੇਸ਼ ਹੋਏ ਹਨ ਕਿ ਕੈਂਪ 22-09-23 ਤੋਂ 29-09-23 ਤੱਕ ਲਗਾਇਆ ਜਾਣਾ ਜਰੂਰੀ ਬਣਾਇਆ ਜਾਵੇ। ਇਸ ਕੈਂਪ ਵਿੱਚ ਵਿਦਿਆਰਥੀਆਂ ਨੂੰ ਵਜ਼ੀਫ਼ੇ ਸਬੰਧੀ ਵੱਧ ਤੋਂ ਵੱਧ ਜਾਗਰੂਕ ਕਰਵਾਇਆ ਜਾਵੇ ਅਤੇ ਕੈਂਪ ਦੌਰਾਨ ਦੀ ਗਤੀਵਿਧੀਆਂ ਕੀਤੀਆਂ ਜਾਣਕਾਰੀਆਂ ਫੋਟੋਆਂ Photos and Vedios Scharship Whatsapp group ਵਿੱਚ ਵੀ share ਕੀਤੀਆਂ ਜਾਣ ਅਤੇ Scholarship ਦੀ Email ID - scholarshipmamta21@gmail.com ਤੇ ਮਿਤੀ 29-9-2023 ਤੱਕ ਭੇਜਣਾ ਜਰੂਰੀ ਬਣਾਇਆ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸ)
ਬਠਿੰਡਾ
27/9/23

Scanned with OKEN Scanner